# India protests efforts to bring material change in Pakistan occupied territories and asks Pakistan to vacate them

May 04, 2020

---

# ਭਾਰਤ ਨੇ ਪਾਕਿਸਤਾਨੀ ਕਬਜ਼ੇ ਵਾਲੇ ਖੇਤਰ ਵਿੱਚ ਭੌਤਿਕ ਤਬਦੀਲੀ ਕਰਨ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਅਤੇ ਪਾਕਿਸਤਾਨ ਨੂੰ ਉਨ੍ਹਾਂ ਨੂੰ ਖਾਲੀ ਕਰਨ ਲਈ ਕਿਹਾ

4 ਮਈ, 2020

ਭਾਰਤ ਨੇ ਪਾਕਿਸਤਾਨ ਦੇ ਸੀਨੀਅਰ ਡਿਪਲੋਮੈਟ ਨੂੰ ਡੀਮਾਰਸ਼ ਦਿੱਤਾ ਅਤੇ ਅਖੌਤੀ "ਗਿਲਗਿਤ-ਬਾਲਟਿਸਤਾਨ" ਬਾਰੇ ਪਾਕਿਸਤਾਨੀ ਸੁਪਰੀਮ ਕੋਰਟ ਦੇ ਹੁਕਮ ਵਿਰੁੱਧ ਪਾਕਿਸਤਾਨ ਨੂੰ ਸਖ਼ਤ ਵਿਰੋਧ ਜਤਾਇਆ।

ਇਹ ਗੱਲ ਸਪੱਸ਼ਟ ਤੌਰ 'ਤੇ ਦੱਸੀ ਗਈ ਹੈ ਕਿ ਗਿਲਗਿਤ ਅਤੇ ਬਾਲਟਿਸਤਾਨ ਖੇਤਰਾਂ ਸਮੇਤ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਸਮੁੱਚੇ ਕੇਂਦਰੀ ਸ਼ਾਸਤ ਪ੍ਰਦੇਸ਼ ਇਨ੍ਹਾਂ ਦੇ ਪੂਰਨ ਕਾਨੂੰਨੀ ਅਤੇ ਅਟੱਲ ਤੌਰ ਤੇ ਭਾਰਤ ਵਿੱਚ ਮਿਲ ਜਾਣ ਕਾਰਨ ਭਾਰਤ ਦਾ ਅਨਿੱਖੜਵਾਂ ਅੰਗ ਹਨ। ਪਾਕਿਸਤਾਨੀ ਸਰਕਾਰ ਜਾਂ ਇਸਦੀ ਨਿਆਂਪਾਲਿਕਾ ਕੋਲ ਨਾਜਾਇਜ਼ ਤੌਰ 'ਤੇ ਅਤੇ ਜ਼ਬਰਦਸਤੀ ਕਬਜ਼ਾਏ ਗਏ ਇਲਾਕਿਆਂ ਬਾਰੇ ਦਖਲਅੰਦਾਜ਼ੀ ਕਰਨ ਦਾ ਕੋਈ ਹੱਕ ਨਹੀਂ ਹੈ। ਭਾਰਤ ਅਜਿਹੇ ਕੰਮਾਂ ਅਤੇ ਜੰਮੂ-ਕਸ਼ਮੀਰ ਦੇ ਭਾਰਤੀ ਖੇਤਰ ਦੇ ਪਾਕਿਸਤਾਨੀ ਕਬਜ਼ੇ ਵਾਲੇ ਇਲਾਕਿਆਂ ਵਿਚ ਭੌਤਿਕ ਤਬਦੀਲੀਆਂ ਲਿਆਉਣ ਦੀਆਂ ਚਲ ਰਹੀਆਂ ਲਗਾਤਾਰ ਕੋਸ਼ਿਸ਼ਾਂ ਨੂੰ ਨਕਾਰਦਾ ਹੈ। ਇਸ ਦੀ ਬਜਾਏ ਪਾਕਿਸਤਾਨ ਨੂੰ ਤੁਰੰਤ ਆਪਣੇ ਗੈਰ-ਕਾਨੂੰਨੀ ਕਬਜ਼ੇ ਵਾਲੇ ਸਾਰੇ ਖੇਤਰ ਖਾਲੀ ਕਰ ਦੇਣੇ ਚਾਹੀਦੇ ਹਨ।

ਅੱਗੇ ਦੱਸਿਆ ਗਿਆ ਕਿ ਅਜਿਹੇ ਕੰਮਾਂ ਨਾਲ ਤਾਂ ਜੰਮੂ-ਕਸ਼ਮੀਰ ਅਤੇ ਲੱਦਾਖ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ ਕੁਝ ਹਿੱਸਿਆਂ 'ਤੇ ਪਾਕਿਸਤਾਨ ਦਾ ਨਾਜਾਇਜ਼ ਕਬਜ਼ਾ ਛੁਪਾਇਆ ਜਾ ਸਕਦਾ ਹੈ ਅਤੇ ਨਾ ਹੀ ਪਿਛਲੇ ਸੱਤ ਦਹਾਕਿਆਂ ਤੋਂ ਪਾਕਿਸਤਾਨੀ ਕਬਜ਼ੇ ਵਾਲੇ ਖੇਤਰਾਂ ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ, ਸ਼ੋਸ਼ਣ ਅਤੇ ਉਨ੍ਹਾਂ ਨੂੰ ਆਜ਼ਾਦੀ ਤੋਂ ਸੱਖਣਾ ਰੱਖਣ ਦੀ ਗੱਲ।

ਇਸ ਮਾਮਲੇ ਵਿੱਚ ਭਾਰਤ ਸਰਕਾਰ ਦਾ ਵਿਚਾਰ 1994 ਵਿੱਚ ਸੰਸਦ ਦੁਆਰਾ ਸਹਿਮਤੀ ਨਾਲ ਪਾਸ ਕੀਤੇ ਗਏ ਮਤੇ ਵਿੱਚ ਝਲਕਦਾ ਹੈ।

ਨਵੀਂ ਦਿੱਲੀ
4 ਮਈ, 2020

DISCLAIMER: This is an approximate translation. The original is available in English on MEA's website and may be referred to as the official press release.